# Office of Registrar
# Punjab Nurses Registration Council

Medical Education Bhawan (3rd Floor), Sector- 69,SAS Nagar-160062
Website: www.pnrconline.in Email-registrarpnrc@gmail.com

**No.PNRC/2021/3667** **Dated: 12 /05/ 2021**

ਵੱਲ,

ਪ੍ਰਿੰਸੀਪਲ,
ਪੰਜਾਬ ਰਾਜ ਦੇ ਸਾਰੇ ਮਾਨਤਾ ਪ੍ਰਾਪਤ ਨਰਸਿੰਗ ਕਾਲਜ।

ਵਿਸ਼ਾ ਮਾਰਕਸ਼ੀਟਾਂ / ਰਜਿਸਟ੍ਰੇਸ਼ਨ ਸਰਟੀਫਿਕੇਟ ਅਤੇ ਡਿਪਲੋਮਾ ਜਾਰੀ ਕਰਵਾਉਣ ਲਈ ਕਾਲਜਾਂ ਵਲੋਂ ਸਮੇਤ ਚਲਾਨ ਇਕੱਠੇ ਫਾਰਮ ਜ਼ਮ੍ਹਾਂ ਕਰਵਾਉਣ ਸਬੰਧੀ।

-0-0-0-

ਨਿਮਨਹਸਤਾਖ਼ਰ ਦੇ ਧਿਆਨ ਵਿੱਚ ਆਇਆ ਹੈ ਕਿ ਪੰਜਾਬ ਨਰਸਿਜ ਰਜਿਸਟ੍ਰੇਸ਼ਨ ਕੌਂਸਲ ਦੇ ਮੋਹਾਲੀ ਸਥਿਤ ਦਫ਼ਤਰ ਵਿੱਚ ਬਹੁਤ ਸਾਰੇ ਵਿਦਿਆਰਥੀ ਆਪਣੀ ਰਜਿਸਟ੍ਰੇਸ਼ਨ ਕਰਵਾਉਣ ਲਈ ਦਫ਼ਤਰ ਦੇ ਕਰਮਚਾਰੀਆਂ ਨੂੰ ਸਿੰਗਲ ਫਾਰਮ (ਜੋ ਕਿ ਕਾਲਜ ਵਲੋਂ ਅਟੈਸਟ ਕੀਤੇ ਹੁੰਦੇ ਹਨ) ਰਾਹੀਂ ਰਜਿਸਟ੍ਰੇਸ਼ਨ ਕਰਨ ਲਈ ਦਬਾਅ ਪਾਉਂਦੇ ਹਨ। ਜਦਕਿ ਪੰਜਾਬ ਨਰਸਿਜ ਰਜਿਸਟ੍ਰੇਸ਼ਨ ਕੌਂਸਲ ਦੀ ਵੈਬਸਾਇਟ ਤੇ "ਜ਼ਰੂਰੀ ਨੋਟ" ਤਹਿਤ ਪਹਿਲਾਂ ਵੀ ਨਰਸਿੰਗ ਕਾਲਜਾਂ ਨੂੰ ਅਗਾਹ ਕੀਤਾ ਜਾ ਚੁੱਕਾ ਹੈ ਕਿ ਵਿਸ਼ਾ ਅੰਕਿਤ ਤਿੰਨੋਂ ਸਰਟੀਫਿਕੇਟ ਜਾਰੀ ਕਰਵਾਉਣ ਲਈ ਕਾਲਜਾਂ ਵਲੋਂ ਸਾਰੇ ਵਿਦਿਆਰਥੀਆਂ ਦੇ ਫਾਰਮ ਸਮੇਤ ਪ੍ਰਤੀ ਵਿਦਿਆਰਥੀ ਫੀਸ **₹ 2700/-** ਦਾ ਚਲਾਨ ਫਾਰਮ ਇਕੱਠੇ ਹੀ ਜ਼ਮ੍ਹਾਂ ਕਰਵਾਏ ਜਾਣ।

2 ਪਰੰਤੂ ਵਿਦਿਆਰਥੀਆਂ ਵਲੋਂ ਨਿਮਨਹਸਤਾਖ਼ਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਉਪਰੋਕਤ ਦੇ ਬਾਵਜੂਦ ਵੀ ਕਾਲਜਾਂ ਵਲੋਂ ਵਿਦਿਆਰਥੀਆਂ ਤੋਂ **₹ 2700/-**ਫੀਸ ਤੋਂ ਇਲਾਵਾ ਪੈਸੇ ਲੈ ਕੇ ਉਹਨਾਂ ਦੇ ਫਾਰਮ ਅਟੈਸਟ ਕੀਤੇ ਜਾਂ ਰਹੇ ਹਨ ਅਤੇ ਉਹਨਾਂ ਨੂੰ ਰਜਿਸਟ੍ਰੇਸ਼ਨ ਕਰਵਾਉਣ ਲਈ "ਅਥਾਰਟੀ ਲੈਟਰ" ਵੀ ਪੈਸੇ ਲੈ ਕੇ ਜਾਰੀ ਕੀਤੇ ਜਾ ਰਹੇ ਹਨ। ਜਿਸ ਕਰਕੇ ਵਿਦਿਅਰਥੀ ਇਸ ਦਫ਼ਤਰ ਵਿੱਚ ਆ ਕੇ ਕਾਲਜਾਂ ਵਲੋਂ ਅਟੈਸਟ ਕੀਤੇ ਫਾਰਮ ਅਤੇ ਅਥਾਰਟੀ ਲੈਟਰ ਦਾ ਹਵਾਲਾ ਦਿੰਦੇ ਹੋਏ ਰਜਿਸਟ੍ਰੇਸ਼ਨ ਲਈ ਜ਼ੋਰ ਪਾਉਂਦੇ ਹਨ, ਜਿਸ ਕਰਕੇ ਦਫ਼ਤਰ ਦੇ ਸਚਾਰੂ ਢੰਗ ਨਾਲ ਚੱਲ ਰਹੇ ਕੰਮਕਾਜ ਵਿੱਚ ਵਿਘਨ ਪੈਂਦਾ ਹੈ ਅਤੇ ਜਿਹੜੇ ਵਿਦਿਆਰਥੀਆਂ ਨੇ ਇਹਨਾਂ ਵਿਦਿਆਰਥੀਆਂ ਤੋਂ ਪਹਿਲਾਂ ਰਜਿਸਟ੍ਰੇਸ਼ਨ ਲਈ ਅਪਲਾਈ ਕੀਤਾ ਹੁੰਦਾ ਹੈ ਉਹਨਾਂ ਦੀ ਰਜਿਸਟ੍ਰੇਸ਼ਨ ਇਹਨਾਂ ਵਿਦਿਆਰਥੀਆਂ ਤੋਂ ਬਾਅਦ ਵਿੱਚ ਕਰਨੀ ਪੈਂਦੀ ਹੈ।

ਦਫ਼ਤਰ ਵਲੋਂ ਦੁਬਾਰਾ ਹਦਾਇਤ ਕੀਤੀ ਜਾਂਦੀ ਹੈ ਕਿ ਪੰਜਾਬ ਰਾਜ ਦੇ ਸਾਰੇ ਨਰਸਿਜ ਕਾਲਜਾਂ ਵਲੋਂ ਮਾਰਕਸ਼ੀਟਾਂ / ਰਜਿਸਟ੍ਰੇਸ਼ਨ ਸਰਟੀਫਿਕੇਟ ਅਤੇ ਡਿਪਲੋਮਾ ਜਾਰੀ ਕਰਵਾਉਣ ਲਈ ਸਾਰੇ ਵਿਦਿਆਰਥੀਆਂ ਦੇ ਫਾਰਮ ਅਟੈਸਟ ਕਰਕੇ (ਸਮੇਤ ਚਲਾਨ ਕਾਪੀ **₹ 2700/-**ਪ੍ਰਤੀ ਵਿਦਿਆਰਥੀ) ਇਸ ਦਫ਼ਤਰ ਨੂੰ ਇਕੱਠੇ ਭੇਜੇ ਜਾਣ। ਅਰਥਾਤ ਰਜਿਸਟ੍ਰੇਸ਼ਨ ਲਈ ਕਾਲਜ ਵਲੋਂ ਕਿਸੇ ਵੀ ਬੱਚੇ ਦਾ ਸਿੰਗਲ ਫਾਰਮ ਨਾ ਤਾਂ ਅਟੈਸਟ ਕੀਤਾ ਜਾਵੇ ਅਤੇ ਨਾ ਹੀ ਕਾਲਜ ਵਲੋਂ ਅਥਾਰਟੀ ਲੈਟਰ ਹੀ ਜਾਰੀ ਕੀਤਾ ਜਾਵੇ। ਇਸ ਤੋਂ ਇਲਾਵਾ ਨਾ ਹੀ ਬੱਚਿਆਂ ਨੂੰ ਇਹ ਤਿੰਨੋਂ ਸਰਟੀਫਿਕੇਟ ਦੇਣ ਲੱਗਿਆ ਉਹਨਾਂ ਤੋਂ ਪੈਸਿਆਂ ਦੀ ਮੰਗ ਕੀਤੀ ਜਾਵੇ। ਇਹ ਪੱਤਰ ਜਾਰੀ ਹੋਣ ਤੋਂ ਬਾਅਦ ਅਗਰ ਇਹ ਪ੍ਰਕ੍ਰਿਆ ਦੁਹਰਾਈ ਜਾਂਦੀ ਹੈ ਤਾਂ ਉਸਦੀ ਨਿਰੋਲ ਜ਼ਿਮੇਵਾਰੀ ਕਾਲਜ ਦੀ ਹੋਵੇਗੀ ਅਤੇ ਕੌਂਸਲ ਵਲੋਂ ਉਸ ਕਾਲਜ ਤੇ ਬਣਦੀ ਸ਼ਖਤ ਕਾਰਵਾਈ ਕੀਤੀ ਜਾਵੇਗੀ।

ਸਹੀ/-
ਰਜਿਸਟਰਾਰ,
ਪੰਜਾਬ ਨਰਸਿਜ ਰਜਿਸਟ੍ਰੇਸ਼ਨ ਕੌਂਸਲ,
ਮੋਹਾਲੀ।

Scanned with CamScanner